**ਬਜਟ 2024: ਹਰੇਕ ਪੀੜ੍ਹੀ ਲਈ ਨਿਰਪੱਖਤਾ**

16 ਅਪ੍ਰੈਲ, 2024 ਓਟਾਵਾ, ਉਂਟਾਰਿਓ ਵਿੱਤ ਵਿਭਾਗ ਕੈਨੇਡਾ

ਅੱਜ, ਮਾਣਯੋਗ ਕ੍ਰਿਸਟੀਆ ਫ੍ਰੀਲੈਂਡ, ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ, ਨੇ ਬਜਟ 2024: ਹਰੇਕ ਪੀੜ੍ਹੀ ਲਈ ਨਿਰਪੱਖਤਾ, ਜਾਰੀ ਕੀਤਾ।

ਇਹ ਇੱਕ ਅਜਿਹਾ ਕੈਨੇਡਾ ਬਣਾਉਣ ਦੀ ਯੋਜਨਾ ਹੈ ਜੋ ਹਰੇਕ ਪੀੜ੍ਹੀ ਲਈ ਬਿਹਤਰ ਕੰਮ ਕਰੇ, ਜਿੱਥੇ ਨੌਜਵਾਨ ਪੀੜ੍ਹੀ ਅੱਗੇ ਵੱਧ ਸਕਦੀ ਹੈ, ਜਿੱਥੇ ਉਹਨਾਂ ਦੀ ਕੜੀ ਮਿਹਨਤ ਸਫ਼ਲਤਾ ਲਿਆਉਂਦੀ ਹੈ, ਅਤੇ ਜਿੱਥੇ ਉਹ ਆਪਣਾ ਘਰ ਖਰੀਦ ਸਕਦੇ ਹਨ ਜਾਂ ਆਪਣਾ ਘਰ ਕਿਰਾਏ 'ਤੇ ਦੇ ਸਕਦੇ ਹਨ—ਜਿੱਥੇ ਹਰ ਕਿਸੇ ਨੂੰ ਇੱਕ ਚੰਗੇ ਮੱਧ-ਵਰਗੀ ਜੀਵਨ ਦਾ ਉਚਿਤ ਮੌਕਾ ਮਿਲਦਾ ਹੈ।

**ਪਹਿਲਾ, ਬਜਟ 2024 ਹੋਰ ਜਿਆਦਾ ਘਰ ਬਣਾਉਣ ਲਈ ਸਾਹਸੀ ਭਰਿਆ ਕਦਮ ਚੁੱਕਦਾ ਹੈ।** ਕਿਉਂਕਿ ਘਰ ਦੀਆਂ ਕੀਮਤਾਂ ਅਤੇ ਕਿਰਾਏ ਨੂੰ ਹੋਰ ਜਿਆਦਾ ਕਿਫਾਇਤੀ ਬਣਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਸਪਲਾਈ ਨੂੰ ਵਧਾਉਣਾ—ਅਤੇ ਜਿੰਨੀ ਜਲਦੀ ਹੋ ਸਕੇ। ਬਜਟ 2024 ਵਿੱਚ 2031 ਤੱਕ 3.87 ਮਿਲੀਅਨ ਨਵੇਂ ਘਰ ਬਣਾਉਣ ਦੀ ਰਣਨੀਤੀ ਤਿਆਰ ਕੀਤੀ ਗਈ ਹੈ। ਮੁੱਖ ਤੌਰ 'ਤੇ, ਇੱਕ ਨਵੀਂ *ਘਰਾਂ ਲਈ ਜਨਤਕ ਜਮੀਨਾਂ ਦੀ ਯੋਜਨਾ (Public Lands for Homes Plan)* ਅਤੇ ਇੱਕ ਨਵਾਂ ਕੈਨੇਡਾ ਰੈਂਟਲ ਪ੍ਰੋਟੈਕਸ਼ਨ ਫੰਡ (Canada Rental Protection Fund) ਸ਼ੁਰੂ ਕਰਨਾ, ਕੈਨੇਡੀਅਨ ਮੌਰਗੇਜ ਚਾਰਟਰ (Canadian Mortgage Charter) ਨੂੰ ਵਧਾਉਣਾ, ਅਤੇ ਇੱਕ ਨਵਾਂ ਕੈਨੇਡਾ ਦੇ ਕਿਰਾਏਦਾਰਾਂ ਲਈ ਅਧਿਕਾਰਾਂ ਦਾ ਬਿੱਲ (Canadian Renters' Bill of Rights) ਦਾ ਨਿਰਮਾਣ ਕਰਨਾ ਸ਼ਾਮਲ ਹੈ।

**ਦੂਸਰਾ, ਬਜਟ 2024 ਰਹਿਣ-ਸਹਿਣ ਦੀ ਲਾਗਤ ਨੂੰ ਘਟਾਉਣ ਵਿੱਚ ਸਹਾਇਕ ਹੋਵੇਗਾ।** ਸਰਕਾਰ ਨੇ ਕੈਨੇਡਾ ਦੇ ਸਮਾਜਿਕ ਸੁਰੱਖਿਆ ਨੈੱਟਵਰਕ ਦਾ ਕ੍ਰਾਂਤੀਕਾਰੀ ਵਿਸਥਾਰ ਕੀਤਾ ਹੈ—$10 ਪ੍ਰਤੀ ਦਿਨ ਬਾਲ ਦੇਖਭਾਲ ਸੇਵਾਵਾਂ ਤੋਂ ਸ਼ੁਰੂ ਕਰਦੇ ਹੋਏ, ਬੀਮਾ ਰਹਿਤ ਕੈਨੇਡਾ ਵਾਸੀਆਂ ਲਈ ਦੰਦਾਂ ਦੀ ਸਿਹਤ ਸੇਵਾਵਾਂ ਅਤੇ ਰਾਸ਼ਟਰੀ ਯੂਨੀਵਰਸਲ ਫਾਰਮਾਕੇਅਰ ਦੇ ਸ਼ੁਰੂਆਤੀ ਪੜਾਅ ਤੱਕ—ਬਜਟ 2024 ਕੈਨੇਡਾ ਵਾਸੀਆਂ ਲਈ ਰੋਜ਼ਾਨਾ ਖਰਚਿਆਂ ਨੂੰ ਘਟਾਉਣ ਲਈ ਸਰਕਾਰ ਦੇ ਕੰਮ ਨੂੰ ਉੱਨਤ ਬਣਾਉਂਦਾ ਹੈ। ਇਸ ਵਿੱਚ ਕਰਿਆਨੇ ਦੀ ਲਾਗਤ ਨੂੰ ਸਥਿਰ ਕਰਨ ਵਿੱਚ ਮਦਦ ਕਰਨਾ, ਕੀਮਤਾਂ ਨੂੰ ਉਚਿਤ ਬਣਾਉਣ ਲਈ ਜੰਕ ਫੀਸਾਂ ਨੂੰ ਘੱਟ ਕਰਨਾ, ਅਤੇ ਬੈਂਕਿੰਗ ਦੀਆਂ ਲਾਗਤਾਂ ਨੂੰ ਘੱਟ ਕਰਨਾ ਸ਼ਾਮਲ ਹੈ। 2024 ਦਾ ਬਜਟ ਨਵੀਨਤਮ ਅਤੇ ਕ੍ਰਾਂਤੀਕਾਰੀ ਨਿਵੇਸ਼ਾਂ ਦਾ ਸੰਚਾਲਨ ਕਰਦਾ ਹੈ, ਜਿਸ ਵਿੱਚ ਨਵਾਂ ਨੈਸ਼ਨਲ ਸਕੂਲ ਫੂਡ ਪ੍ਰੋਗਰਾਮ ਅਤੇ ਨਵੇਂ ਕੈਨੇਡਾ ਡਿਸਏਬਿਲਟੀ ਬੈਨੀਫਿਟ ਦੀ ਨਵੀਂ ਪਹਿਲ ਸ਼ਾਮਲ ਹੈ।

**ਤੀਜਾ, ਬਜਟ 2024, ਅਰਥਵਿਵਸਥਾ ਨੂੰ ਇਸ ਤਰੀਕੇ ਨਾਲ ਅੱਗੇ ਵਧਾਏਗਾ ਕਿ ਇਸ ਵਿੱਚ ਸਾਰਿਆਂ ਦੀ ਹਿੱਸੇਦਾਰੀ ਹੋਵੇ।** ਇਹ ਇੱਕ ਅਜਿਹੀ ਯੋਜਨਾ ਹੈ ਜੋ ਨਿਵੇਸ਼ ਨੂੰ ਆਕਰਸ਼ਿਤ ਕਰੇਗੀ ਅਤੇ ਵਧਾਏਗੀ, ਉਤਪਾਦਕਤਾ ਨੂੰ ਵਧਾਏਗੀ, ਅਤੇ ਨਜ਼ਰੀਏ ਨੂੰ ਬਦਲਣ ਵਾਲੀ ਨਵੀਨਤਾ ਨੂੰ ਉਤਸ਼ਾਹਿਤ ਕਰੇਗੀ ਜੋ ਕਿ ਚੰਗੀ ਤਨਖਾਹ ਵਾਲੀਆਂ ਅਤੇ ਅਰਥਪੂਰਨ ਨੌਕਰੀਆਂ ਦਾ ਨਿਰਮਾਣ ਕਰੇਗਾ ਅਤੇ ਕੈਨੇਡਾ ਨੂੰ ਆਰਥਿਕ ਤੌਰ 'ਤੇ ਸਭ ਤੋਂ ਅੱਗੇ ਰੱਖੇਗਾ। ਇਹ ਸਾਡੇ ਵਧੀਆ ਉੱਦਮੀਆਂ ਅਤੇ ਨਵੀਨਤਾਕਾਰਾਂ ਨੂੰ ਆਪਣੇ ਵਿਚਾਰਾਂ ਨੂੰ ਕੈਨੇਡਾ ਵਿੱਚ ਕੰਮ ਕਰਨ ਲਈ ਸ਼ਕਤੀਸ਼ਾਲੀ ਬਣਾਉਣ ਲਈ ਨਵਾਂ ਸਮਰਥਨ ਵੀ ਪ੍ਰਦਾਨ ਕਰੇਗਾ। ਇਸ ਵਿੱਚ ਮੁੱਖ ਆਰਥਿਕ ਨਿਵੇਸ਼ ਟੈਕਸ ਕ੍ਰੈਡਿਟ ਦਾ ਵਿਸਤਾਰ ਕਰਕੇ ਅਤੇ ਪ੍ਰਦਾਨ ਕਰਕੇ, ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਇੱਕ ਆਗੂ ਵਜੋਂ ਕੈਨੇਡਾ ਦੀ ਬੜਤ ਸੁਨਿਚਸ਼ੀਤ ਕਰਕੇ, ਅਤੇ ਵਿਸਤ੍ਰਿਤ ਖੋਜ ਗ੍ਰਾਂਟਾਂ ਵਿੱਚ ਨਿਵੇਸ਼ ਕਰਕੇ ਨੈਟ-ਜ਼ੀਰੋ ਆਰਥਿਕ ਵਿਵਸਥਾ ਵਿੱਚ ਜਿਆਦਾ ਨਿਵੇਸ਼ ਨੂੰ ਆਕਰਸ਼ਿਤ

ਕਰਨਾ ਸ਼ਾਮਲ ਹੈ ਜਿਸ ਨਾਲ ਨੌਜਵਾਨ ਪੀੜ੍ਹੀ ਨੂੰ ਚੰਗੀਆਂ ਨੌਕਰੀਆਂ ਅਤੇ ਨਵੇਂ ਮੌਕੇ ਪ੍ਰਦਾਨ ਹੋਣਗੇ। ਅਤੇ ਇਸਦਾ ਮਤਲਬ ਇਹ ਯਕੀਨੀ ਬਣਾਉਣਾ ਹੈ ਕਿ ਮੂਲ ਨਿਵਾਸੀ ਇਸ ਵਿਕਾਸ ਵਿੱਚ ਇਸ ਤਰੀਕੇ ਨਾਲ ਹਿੱਸਾ ਲੈਣਾ ਜੋ ਉਹਨਾਂ ਲਈ ਕੰਮ ਕਰੇ।

ਬਜਟ 2024 ਕੈਨੇਡਾ ਦੀ ਟੈਕਸ ਪ੍ਰਣਾਲੀ ਨੂੰ ਹੋਰ ਜਿਆਦਾ ਵਧੇਰੇ ਨਿਰਪੱਖ ਬਣਾਵੇਗਾ ਅਤੇ ਬਹੁਤ ਜਿਆਦਾ ਅਮੀਰ ਲੋਕਾਂ ਨੂੰ ਉਨ੍ਹਾਂ ਦੇ ਉਚਿਤ ਹਿੱਸੇ ਦਾ ਭੁਗਤਾਨ ਕਰਨ ਲਈ ਕਿਹਾ ਜਾਵੇਗਾ—ਤਾਂ ਜੋ ਅਸੀਂ ਹਰ ਪੀੜ੍ਹੀ ਦੀ ਖੁਸ਼ਹਾਲੀ ਲਈ ਨਿਵੇਸ਼ ਕਰ ਸਕੀਏ, ਅਤੇ ਕਿਉਂਕਿ ਸਾਡੇ ਵਿੱਤੀ ਆਧਾਰ ਨੂੰ ਨਜ਼ਰਅੰਦਾਜ਼ ਕਰਕੇ ਅਗਲੀਆਂ ਪੀੜ੍ਹੀਆਂ ਨੂੰ ਹੋਰ ਵਾਧੂ ਕਰਜ਼ੇ ਦੇਣਾ ਗੈਰ-ਜ਼ਿੰਮੇਵਾਰਾਨਾ ਅਤੇ ਉਚਿਤ ਨਹੀਂ ਹੋਵੇਗਾ। ਬਜਟ 2024 ਇੱਕ ਜ਼ਿੰਮੇਵਾਰ ਆਰਥਿਕ ਯੋਜਨਾ ਹੈ ਜੋ *2023 ਦੇ ਪਤਝੜ ਦੀ ਆਰਥਿਕ ਸਟੇਟਮੈਂਟ* ਵਿੱਚ ਦਰਸ਼ਾਏ ਗਏ ਵਿੱਤੀ ਉਦੇਸ਼ਾਂ ਨੂੰ ਬਰਕਰਾਰ ਰੱਖਦੀ ਹੈ, ਅਤੇ ਕੈਨੇਡਾ ਨੂੰ G7 ਵਿੱਚ ਸਭ ਤੋਂ ਘੱਟ ਘਾਟੇ- ਅਤੇ ਸ਼ੁੱਧ ਕਰਜ਼ੇ-ਤੋਂ-GDP ਅਨੁਪਾਤ ਨੂੰ ਬਰਕਰਾਰ ਰੱਖਣ ਦੀ ਉਮੀਦ ਹੈ।

## ਹਵਾਲਾ

"ਸਾਡੀ ਸਰਕਾਰ ਪਹਿਲੀ ਵਾਰ ਮੱਧ ਵਰਗ ਨੂੰ ਮਜ਼ਬੂਤ ਕਰਨ ਅਤੇ ਉਸਦਾ ਵਿਸਤਾਰ ਕਰਨ ਦੇ ਸੰਕਲਪ ਦੇ ਨਾਲ ਸੱਤਾ ਵਿੱਚ ਆਈ ਸੀ। ਅਸੀਂ ਖਾਸ ਤੌਰ 'ਤੇ ਬੱਚਿਆਂ ਅਤੇ ਬਜ਼ੁਰਗਾਂ ਲਈ ਗਰੀਬੀ ਘਟਾ ਕੇ ਅਤੇ ਕੈਨੇਡਾ ਵਾਸੀਆਂ ਲਈ ਲੱਖਾਂ ਚੰਗੀਆਂ ਨੌਕਰੀਆਂ ਪੈਦਾ ਕਰਕੇ ਉਸ ਵਾਅਦੇ ਨੂੰ ਪੂਰਾ ਕੀਤਾ ਹੈ। ਸਾਡਾ ਕੰਮ ਅਜੇ ਪੂਰਾ ਨਹੀਂ ਹੋਇਆ ਹੈ। ਬਜਟ 2024 ਲੱਖਾਂ ਨੌਜਵਾਨ ਕੈਨੇਡਾ ਵਾਸੀਆਂ ਲਈ ਮੱਧ ਵਰਗ ਦੇ ਮੌਕੇ ਪ੍ਰਾਪਤ ਕਰਨ ਦੇ ਸਾਡੇ ਟੀਚੇ ਨੂੰ ਨਵਿਆਉਂਦਾ ਹੈ। ਅਸੀਂ ਹੋਰ ਘਰ ਬਣਾਵਾਂਗੇ ਅਤੇ ਜੀਵਨ ਦੀ ਲਾਗਤ ਨੂੰ ਘੱਟ ਬਣਾਉਣ ਵਿੱਚ ਮਦਦ ਕਰਾਂਗੇ। ਅਸੀਂ ਆਪਣੀ ਅਰਥਵਿਵਸਥਾ ਨੂੰ ਅਹਿਜੇ ਵਿਕਾਸ ਵੱਲ ਲੈ ਜਾਵਾਂਗੇ ਜੋ ਹਰ ਕਿਸੇ ਨੂੰ ਅੱਗੇ ਵਧਾਏਗਾ। ਇਹ ਹੈ ਹਰ ਪੀੜ੍ਹੀ ਲਈ ਇਹ ਨਿਰਪੱਖਤਾ।"

- *ਮਾਣਯੋਗ ਕ੍ਰਿਸਟੀਆ ਫਰੀਲੈਂਡ, ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ*

## ਸਬੰਧਤ ਉਤਪਾਦ

- ਬਜਟ 2024: ਹਰੇਕ ਪੀੜ੍ਹੀ ਲਈ ਨਿਰਪੱਖਤਾ
- ਬਜਟ 2024: ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਵੱਲੋਂ ਸੰਬੋਧਨ
- ਬਜਟ 2024: ਮੁੱਖ ਉਪਾਅ (ਗੈਰ-ਅਧਿਕਾਰਤ ਭਾਸ਼ਾਵਾਂ ਵਿੱਚ ਉਪਲਬਧ)
- ਪਿਛੋਕੜ ਜਾਣਕਾਰੀ: ਜਿਆਦਾ ਕਿਫਾਇਤੀ ਘਰ
- ਪਿਛੋਕੜ ਜਾਣਕਾਰੀ: ਇੱਕ ਮਜ਼ਬੂਤ ਸਮਾਜਿਕ ਸੁਰੱਖਿਆ ਜਾਲ
- ਪਿਛੋਕੜ ਜਾਣਕਾਰੀ: ਨੌਜਵਾਨ ਪੀੜ੍ਹੀਆਂ ਲਈ ਨਿਰਪੱਖਤਾ
- ਪਿਛੋਕੜ ਜਾਣਕਾਰੀ: ਆਰਥਿਕ ਵਿਕਾਸ ਅਤੇ ਉਤਪਾਦਕਤਾ
- ਪਿਛੋਕੜ ਜਾਣਕਾਰੀ: ਛੋਟੇ ਕਾਰੋਬਾਰਾਂ ਦਾ ਵਿਕਾਸ
- ਪਿਛੋਕੜ ਜਾਣਕਾਰੀ: ਸੁਰੱਖਿਅਤ, ਸਿਹਤਮੰਦ ਭਾਈਚਾਰੇ
- ਪਿਛੋਕੜ ਜਾਣਕਾਰੀ: ਮੂਲ ਨਿਵਾਸਿਆਂ ਲਈ ਇੱਕ ਨਿਰਪੱਖ ਭਵਿੱਖ
- ਪਿਛੋਕੜ ਜਾਣਕਾਰੀ: ਹਰੇਕ ਪੀੜ੍ਹੀ ਲਈ ਟੈਕਸ ਨਿਰਪੱਖਤਾ
- ਬਜਟ 2024: ਕੈਨੇਡਾ ਦਾ ਖਪਤਕਾਰ-ਸੰਚਾਲਿਤ ਬੈਂਕਿੰਗ ਢਾਂਚਾ

## ਸੰਪਰਕ

**ਮੀਡੀਆ ਇੱਥੇ ਸੰਪਰਕ ਕਰ ਸਕਦਾ ਹੈ:**

ਕੈਥਰੀਨ ਕਪਲਿੰਸਕਾਸ
ਪ੍ਰੈੱਸ ਸਕੱਤਰ ਅਤੇ ਸੀਨੀਅਰ ਸੰਚਾਰ ਸਲਾਹਕਾਰ
ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਦਾ ਦਫਤਰ
Katherine.Cuplinskas@fin.gc.ca

ਮੀਡੀਆ ਸਬੰਧ
ਵਿੱਤ ਵਿਭਾਗ ਕੈਨੇਡਾ
mediare@fin.gc.ca
613-369-4000

**ਆਮ ਪੁੱਛਗਿੱਛ**

ਫ਼ੋਨ: 1-833-712-2292
TTY: 613-369-3230
ਈ-ਮੇਲ: financepublic-financepublique@fin.gc.ca